# ਪੰਜਾਬ ਸਕੂਲ ਸਿੱਖਿਆ ਬੋਰਡ

## ਸਾਲ/ਸ਼ੈਸਨ 2025-26 ਲਈ ਅੱਠਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ

1. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਅਨੁਸਾਰ ਸਕੂਲਾਂ ਵੱਲੋਂ ਅੱਠਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਕੀਤੇ ਜਾਣ, ਜਿਨ੍ਹਾਂ ਨੇ ਸੱਤਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਏਡਿਡ/ਐਫੀਲਿਏਟਿਡ/ਐਸੋਸੀਏਟਿਡ ਸਕੂਲਾਂ ਤੋਂ ਪਾਸ ਕੀਤੀ ਹੋਵੇ ਅਤੇ ਉਸ ਨੂੰ ਕਿਸੇ ਵੀ ਸਕੂਲ ਵੱਲੋਂ hold back ਨਾ ਕੀਤਾ ਗਿਆ ਹੋਵੇ।

**ਜਾਂ**

ਬੋਰਡ ਜਾਂ ਬੋਰਡ ਦੇ ਤੁਲ ਕਿਸੇ ਦੂਜੇ ਬੋਰਡ * ਤੋਂ ਅੱਠਵੀਂ ਸ਼੍ਰੇਣੀ ਵਿੱਚ ਕੇਵਲ ਰੈਗੂਲਰ ਵਿਦਿਆਰਥੀ ਜਿੰਨ੍ਹਾਂ ਦਾ ਨਤੀਜਾ Not Promoted ਘੋਸ਼ਿਤ ਹੋਇਆ ਹੋਵੇ, ਅੱਠਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

**ਜਾਂ**

ਮੌਜੂਦਾ ਸੈਸ਼ਨ ਵਿੱਚ ਕੋਈ ਉਮੀਦਵਾਰ ਅੱਠਵੀਂ ਸ਼੍ਰੇਣੀ ਦੀ ਰੀ-ਅਪੀਅਰ ਦੀ ਪ੍ਰੀਖਿਆ ਵਿੱਚ Not Promoted ਘੋਸ਼ਿਤ ਹੁੰਦਾ ਤਾਂ ਉਹ ਮੌਜੂਦਾ ਸੈਸ਼ਨ ਵਿੱਚ ਮੁੜ ਅੱਠਵੀਂ ਸ਼੍ਰੇਣੀ ਵਿੱਚ ਦਾਖਲੇ ਦੇ ਯੋਗ ਹੋਵੇਗਾ।

**ਜਾਂ**

ਅੱਠਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਲਈ ਵਿਦਿਆਰਥੀ ਦੀ ਉਮਰ ਦਾਖਲਾ ਲੈਣ ਵਾਲੇ ਮੌਜੂਦਾ ਅਕਾਦਮਿਕ ਸਾਲ ਸ਼ੁਰੂ ਹੋਣ ਤੋਂ ਪਹਿਲਾਂ 31 ਮਾਰਚ ਤੱਕ ਘੱਟੋ ਘੱਟ 12 ਸਾਲ ਹੋਣੀ ਚਾਹੀਦੀ ਹੈ। ਇਸ ਸਬੰਧੀ ਯੋਗਤਾ ਚੈੱਕ ਕਰਨ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ।

2. ਸਕੂਲਾਂ ਨੂੰ ਪ੍ਰਵਾਨਿਤ ਸੀਟਾਂ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ।

3. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖ਼ਤਮ ਹੋਣ ਉਪਰੰਤ ਸਕੂਲ ਮੁਖੀ ਵੱਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖਲਾ ਨਾ ਦਿੱਤਾ ਜਾਵੇ।

4. ਹੋਰ ਰਾਜ/ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਹੇਠਾਂ ਦਰਸਾਏ ਦਸਤਾਵੇਜ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ:-

i. ਜਿਹੜੇ ਵਿਦਿਆਰਥੀ ਨੇ ਜਿਸ ਕਲਾਸ ਵਿੱਚ ਦਾਖਲਾ ਲੈਣਾ ਹੈ, ਉਸ ਕੋਲ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ ਦੋਵੇਂ ਹੀ ਦਸਤਾਵੇਜ਼ ਲੈ ਕੇ ਮੁੱਖ ਦਫਤਰ ਪਹੁੰਚਾਏ ਜਾਣ। ਜਿੰਨ੍ਹਾਂ ਸਕੂਲਾਂ ਵੱਲੋ ਪਹਿਲਾਂ ਹੀ ਦੋਵੇਂ ਦਸਤਾਵੇਜ਼ ਭੇਜੇ ਗਏ ਹਨ, ਉਹਨਾਂ ਨੂੰ ਦੁਬਾਰਾ ਭੇਜਣ ਦੀ ਜ਼ਰੂਰਤ ਨਹੀਂ ਹੈ।

**ii.** ਸਕੂਲ ਮੁੱਖੀ ਦੁਆਰਾ ਟਰਾਂਸਫਰ ਸਰਟੀਫਿਕੇਟ/ਨਤੀਜਾ ਕਾਰਡ ਕਿਸੇ ਹੋਰ ਅਥਾਰਟੀ ਤੋਂ ਵੈਰੀਫਾਈ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਸ ਸਬੰਧ ਵਿੱਚ ਸਕੂਲ ਮੁੱਖੀ ਸੀ.ਬੀ.ਐਸ.ਈ ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈੱਬਸਾਈਟ ਤੋਂ ਸਕੂਲ ਬਾਰੇ ਵੈਰੀਫਾਈ ਕਰ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀਂ। ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈਬਸਾਈਟ ਤੋਂ ਵੈਰੀਫਾਈ ਕਰਨ ਉਪਰੰਤ ਇਸ ਸਬੰਧ ਵਿੱਚ ਆਪਣੇ ਰਿਕਾਰਡ ਸਬੰਧਤ ਵੇਰਵੇ ਦਰਜ ਕਰ ਦੇਣ ।

iii. ਜਿਹੜੇ ਵਿਦਿਆਰਥੀ ਦਾਖਲ ਹੋਣ ਸਮੇਂ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ ਕਿਸੇ ਵਜ੍ਹਾਂ ਨਾਲ ਨਾ ਦੇ ਸਕਣ, ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੋਵੀਜ਼ਨਲ ਦਾਖਲਾ ਦੇ ਦਿੱਤਾ ਜਾਵੇ ਪਰੰਤੂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਦੋਵੇਂ ਸਰਟੀਫਿਕੇਟ ਸਬੰਧਤ ਵਿਦਿਆਰਥੀ ਦੁਆਰਾ ਸਕੂਲ ਮੁੱਖੀ ਨੂੰ ਪੇਸ਼ ਕਰਨੇ ਜਰੂਰੀ ਹਨ।

5 (i). ਯੋਗਤਾ ਸਬੰਧੀ ਜਿੰਮੇਵਾਰੀ ਨਿਰੋਲ ਸਕੂਲ ਮੁਖੀ ਦੀ ਹੈ। ਇਸ ਲਈ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਨ ਘੋਖ ਕਰਕੇ ਯੋਗਤਾ ਚੈਕ ਕਰੇ ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ।

(ii) ਜਦੋਂ ਵੀ ਸਕੂਲ ਵੱਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵੱਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

ਨੋਟ:- ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਬੋਰਡ ਦਫਤਰ ਦੇ ਫੋਨ ਨੰਬਰ 0172-5227180-181 ਤੇ ਦਫਤਰੀ ਕੰਮ-ਕਾਜ ਵਾਲੇ ਦਿਨਾਂ (ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ) ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।

*ਹੋਰ ਬੋਰਡ ਤੋਂ ਭਾਵ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਈਡ www.pseb.ac.in ਤੇ ਉਪਲਬੰਧ MHRD ਵੱਲੋਂ ਜਾਰੀ ਪ੍ਰਵਾਨਿਤ ਬੋਰਡਜ਼ ਦੀ ਸੂਚੀ ਵਿੱਚ ਦਰਜ ਬੋਰਡ।

12.05.25

ਉਪ ਸਕੱਤਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।

## ਸਾਲ/ਸ਼ੈਸਨ 2025-26 ਲਈ ਨੌਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ

ਵਿਸ਼ੇਸ਼ ਨੋਟ:- ਦਾਖਲੇ ਸਬੰਧੀ ਅੱਠਵੀਂ ਦੇ ਨਤੀਜੇ ਆਉਣ ਦੀ ਉਡੀਕ ਨਾ ਕੀਤੀ ਜਾਵੇ ਅਤੇ ਦਾਖਲਾ ਸ਼ਡਿਊਲ ਅਨੁਸਾਰ ਆਰਜੀ ਤੌਰ ਤੇ ਦਾਖਲੇ ਕੀਤੇ ਜਾਣ।

1. ਨੌਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲੇ ਦੇ ਯੋਗ ਹੋਣਗੇ, ਜਿਨ੍ਹਾਂ ਨੇ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ ਏਡਿਡ/ਐਫੀਲਿਏਟਿਡ/ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ ਜਾਂ ਕਿਸੇ ਦੂਸਰੇ ਬੋਰਡ* ਤੋਂ (MHRD ਵੱਲੋਂ ਪ੍ਰਵਾਨਿਤ ਬੋਰਡਜ਼ (ਬੋਰਡ ਦੀ ਵੈੱਬਸਾਈਟ www.pseb.ac.in ਤੇ ਉਪਲੱਬਧ ਸੂਚੀ ਅਨੁਸਾਰ) ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇ।

**ਜਾਂ**

ਜਿਨ੍ਹਾਂ ਵਿਦਿਆਰਥੀਆਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ* ਵੱਲੋਂ ਲਈ ਗਈ ਅੱਠਵੀਂ ਸ਼੍ਰੇਣੀ ਦੀ ਰੈਗੂਲਰ ਪ੍ਰੀਖਿਆ ਵਿੱਚ ਰੀ-ਅਪੀਅਰ ਆਈ ਹੋਵੇ, ਉਹ ਵਿਦਿਆਰਥੀ ਨੌਵੀਂ ਸ਼੍ਰੇਣੀ ਵਿੱਚ ਆਰਜੀ ਦਾਖਲੇ ਦੇ ਯੋਗ ਹੋਣਗੇ।

**ਜਾਂ**

ਕੋਈ ਉਮੀਦਵਾਰ, ਜਿਸ ਦਾ ਅੱਠਵੀਂ ਸ਼੍ਰੇਣੀ ਦਾ ਨਤੀਜਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਿਸੇ ਕਾਰਨ ਲੇਟ ਘੋਸ਼ਿਤ ਕੀਤਾ ਗਿਆ ਹੋਵੇ, ਅਜਿਹਾ ਵਿਦਿਆਰਥੀ ਆਪਣਾ ਨਤੀਜਾ ਘੋਸ਼ਿਤ ਹੋਣ ਤੋਂ 15 ਦਿਨਾਂ ਦੇ ਅੰਦਰ, ਲੇਟ ਫੀਸ ਤੋਂ ਬਿਨ੍ਹਾਂ ਦਾਖਲਾ ਲੈ ਸਕਣਗੇ ਅਤੇ ਇਨ੍ਹਾਂ ਵਿਦਿਆਰਥੀਆਂ ਦੀਆਂ ਹਾਜ਼ਰੀਆਂ ਉਸ ਦੇ ਸੰਸਥਾ ਵਿੱਚ ਦਾਖਲ ਹੋਣ ਦੀ ਤਰੀਕ ਤੋਂ ਗਿਣੀਆਂ ਜਾਣਗੀਆਂ।

2. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਵਾਨਿਤ ਸੀਟਾਂ/ਪ੍ਰਵਾਨਿਤ ਗਰੁੱਪ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ।

3. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀ ਵੱਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖਲਾ ਨਾ ਦਿੱਤਾ ਜਾਵੇ।

4. **ਹੋਰ ਰਾਜਾਂ/ ਬੋਰਡਾਂ ਤੋਂ ਮਾਈਗ੍ਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਹੇਠਾਂ ਦਰਸਾਏ ਦਸਤਾਵੇਜ ਪੇਸ਼ ਕਰਨ ਤੋਂ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ:-**

i. ਜਿਹੜੇ ਵਿਦਿਆਰਥੀ ਨੇ ਜਿਸ ਕਲਾਸ ਵਿੱਚ ਦਾਖਲਾ ਲੈਣਾ ਹੈ, ਉਸ ਕੋਲ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ ਦੋਵੇਂ ਹੀ ਦਸਤਾਵੇਜ਼ ਲੈ ਕੇ ਮੁੱਖ ਦਫਤਰ ਪਹੁੰਚਾਏ ਜਾਣ। ਜਿੰਨ੍ਹਾਂ ਸਕੂਲਾਂ ਵੱਲੋਂ ਪਹਿਲਾਂ ਹੀ ਦੋਵੇਂ ਦਸਤਾਵੇਜ਼ ਭੇਜੇ ਗਏ ਹਨ, ਉਹਨਾਂ ਨੂੰ ਦੁਬਾਰਾ ਭੇਜਣ ਦੀ ਜਰੂਰਤ ਨਹੀਂ ਹੈ।

ii. ਸਕੂਲ ਮੁੱਖੀ ਦੁਆਰਾ ਟਰਾਂਸਫਰ ਸਰਟੀਫਿਕੇਟ/ਨਤੀਜਾ ਕਾਰਡ ਕਿਸੇ ਹੋਰ ਅਥਾਰਟੀ ਤੋਂ ਵੈਰੀਫਾਈ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਸ ਸਬੰਧ ਵਿੱਚ ਸਕੂਲ ਮੁੱਖੀ ਸੀ.ਬੀ.ਐਸ.ਈ ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈੱਬਸਾਈਟ ਤੋਂ ਸਕੂਲ ਬਾਰੇ ਵੈਰੀਫਾਈ ਕਰ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀਂ। ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈਬਸਾਈਟ ਤੋਂ ਵੈਰੀਫਾਈ ਕਰਨ ਉਪਰੰਤ ਇਸ ਸਬੰਧ ਵਿੱਚ ਆਪਣੇ ਰਿਕਾਰਡ ਸਬੰਧਤ ਵੇਰਵੇ ਦਰਜ ਕਰ ਦੇਣ ।

iii. ਜਿਹੜੇ ਵਿਦਿਆਰਥੀ ਦਾਖਲ ਹੋਣ ਸਮੇਂ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ ਕਿਸੇ ਵਜ੍ਹਾਂ ਨਾਲ ਨਾ ਦੇ ਸਕਣ, ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੋਵੀਜ਼ਨਲ ਦਾਖਲਾ ਦੇ ਦਿੱਤਾ ਜਾਵੇ ਪਰੰਤੂ ਸਲਾਨਾ ਪ੍ਰੀਖਿਆਵਾਂ

ਸ਼ੁਰੂ ਹੋਣ ਤੋਂ ਪਹਿਲਾਂ ਦੋਵੇਂ ਸਰਟੀਫਿਕੇਟ ਸਬੰਧਤ ਵਿਦਿਆਰਥੀ ਦੁਆਰਾ ਸਕੂਲ ਮੁੱਖੀ ਨੂੰ ਪੇਸ਼ ਕਰਨੇ ਜਰੂਰੀ ਹਨ।

5(i) ਯੋਗਤਾ ਸਬੰਧੀ ਜਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ MHRD ਵੱਲੋਂ ਪ੍ਰਵਾਨਿਤ ਬੋਰਡਜ਼ (ਬੋਰਡ ਦੀ ਵੈੱਬਸਾਈਟ www.pseb.ac.in ਤੇ ਉਪਲੱਬਧ ਸੂਚੀ) ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਵਿਦਿਆਰਥੀਆਂ ਦੀ ਯੋਗਤਾ ਯਕੀਨੀ ਬਣਾਏ ਜਾਣ ਲਈ ਆਪਣੀ ਸੰਸਥਾ ਵਿੱਚ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ, ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ। ਨੌਵੀਂ ਸ਼੍ਰੇਣੀ ਦੀ ਰਿਟਰਨ ਵਿੱਚ ਸਬੰਧਤ ਕਮੇਟੀ ਦੇ ਹਸਤਾਖਰ ਕਰਵਾ ਕੇ ਸਕੂਲ ਦੇ ਰਿਕਾਰਡ ਵਿੱਚ ਰੱਖ ਲਈ ਜਾਵੇ।

(ii) ਜਦੋਂ ਵੀ ਸਕੂਲ ਵੱਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵੱਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

ਨੋਟ:- **ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਬੋਰਡ ਦਫਤਰ ਦੇ ਫੋਨ ਨੰਬਰ 0172-5227180-181 ਤੇ ਦਫਤਰੀ ਕੰਮ-ਕਾਜ ਵਾਲੇ ਦਿਨਾਂ (ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ) ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।**

*ਹੋਰ ਬੋਰਡ ਤੋਂ ਭਾਵ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਈਡ www.pseb.ac.in ਤੇ ਉਪਲਬੰਧ MHRD ਵੱਲੋਂ ਜਾਰੀ ਪ੍ਰਵਾਨਿਤ ਬੋਰਡਜ਼ ਦੀ ਸੂਚੀ ਵਿੱਚ ਦਰਜ ਬੋਰਡ

ਉਪ ਸਕੱਤਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।

## ਸਾਲ /ਸ਼ੈਸਨ 2025-26 ਲਈ ਦਸਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ

1. ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਏਡਿਡ/ਐਫੀਲਿਏਟਿਡ/ਐਸੋਸੀਏਟਿਡ ਸਕੂਲ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ* ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਜਿਹਨਾਂ ਵਿਦਿਆਰਥੀਆਂ ਨੇ ਨੌਵੀਂ ਸ਼੍ਰੇਣੀ ਰੈਗੂਲਰ ਤੌਰ ਤੇ ਪਾਸ ਕੀਤੀ ਹੋਵੇ, ਉਹ ਪ੍ਰੀਖਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

   **ਜਾਂ**

   ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ ਤੋਂ ਪਿਛਲੇ ਦੋ ਸਾਲਾਂ ਦੌਰਾਨ ਦਸਵੀਂ ਵਿੱਚ ਰੈਗੂਲਰ ਵਿਦਿਆਰਥੀਆਂ, ਜਿਹਨਾਂ ਦਾ ਨਤੀਜਾ ਫੇਲ੍ਹ ਘੋਸ਼ਿਤ ਹੋਇਆ ਹੋਵੇ, ਉਹ ਵਿਦਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

   **ਜਾਂ**

   ਜੇ ਕੋਈ ਰੈਗੂਲਰ ਵਿਦਿਆਰਥੀ ਦਸਵੀਂ ਸ਼੍ਰੇਣੀ ਦੀ ਕੰਪਾਰਟਮੈਂਟ/ ਮੁੜ ਪ੍ਰੀਖਿਆ ਅਧੀਨ ਰੱਖਿਆ ਗਿਆ ਹੈ, ਕੰਪਾਰਟਮੈਂਟ/ਮੁੜ ਪ੍ਰੀਖਿਆ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਦਸਵੀਂ ਸ਼੍ਰੇਣੀ ਵਿੱਚ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਉਹ ਵਿਦਿਆਰਥੀ ਦਸਵੀਂ ਸ਼੍ਰੇਣੀ ਦੀ ਸਲਾਨਾ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਦਾਖਲੇ ਦੀ ਅੰਤਿਮ ਮਿਤੀ ਖਤਮ ਹੋਣ ਤੋਂ ਪਹਿਲਾਂ ਆਪਣਾ ਪੂਰਵਲਾ ਨਤੀਜਾ ਬੋਰਡ ਦੀ ਸਬੰਧਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਇਸ ਸਬੰਧੀ ਸਵੈ-ਘੋਸ਼ਣਾ ਪੱਤਰ ਦੇ ਕੇ ਮੁੜ ਦਸਵੀਂ ਸ਼੍ਰੇਣੀ ਵਿੱਚ ਦਾਖਲਾ ਲੈ ਸਕੇਗਾ।

2. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਵਾਨਿਤ ਸੀਟਾਂ/ਪ੍ਰਵਾਨਿਤ ਗਰੁੱਪ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ।

3. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀ ਵੱਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖਲਾ ਨਾ ਦਿੱਤਾ ਜਾਵੇ।

4. ਹੋਰ ਰਾਜ/ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਹੇਠਾਂ ਦਰਸਾਏ ਦਸਤਾਵੇਜ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ: –

   i. ਜਿਹੜੇ ਵਿਦਿਆਰਥੀ ਨੇ ਜਿਸ ਕਲਾਸ ਵਿੱਚ ਦਾਖਲਾ ਲੈਣਾ ਹੈ, ਉਸ ਕੋਲ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ ਦੋਵੇਂ ਹੀ ਦਸਤਾਵੇਜ਼ ਲੈ ਕੇ ਮੁੱਖ ਦਫਤਰ ਪਹੁੰਚਾਏ ਜਾਣ। ਜਿੰਨ੍ਹਾਂ ਸਕੂਲਾਂ ਵੱਲੋਂ ਪਹਿਲਾਂ ਹੀ ਦੋਵੇਂ ਦਸਤਾਵੇਜ਼ ਭੇਜੇ ਗਏ ਹਨ, ਉਹਨਾਂ ਨੂੰ ਦੁਬਾਰਾ ਭੇਜਣ ਦੀ ਜਰੂਰਤ ਨਹੀਂ ਹੈ।

   ii. ਸਕੂਲ ਮੁੱਖੀ ਦੁਆਰਾ ਟਰਾਂਸਫਰ ਸਰਟੀਫਿਕੇਟ/ਨਤੀਜਾ ਕਾਰਡ ਕਿਸੇ ਹੋਰ ਅਥਾਰਟੀ ਤੋਂ ਵੈਰੀਫਾਈ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਸ ਸਬੰਧ ਵਿੱਚ ਸਕੂਲ ਮੁੱਖੀ ਸੀ.ਬੀ.ਐਸ.ਈ ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈੱਬਸਾਈਟ ਤੋਂ ਸਕੂਲ ਬਾਰੇ ਵੈਰੀਫਾਈ ਕਰ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀਂ। ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈਬਸਾਈਟ ਤੋਂ ਵੈਰੀਫਾਈ ਕਰਨ ਉਪਰੰਤ ਇਸ ਸਬੰਧ ਵਿੱਚ ਆਪਣੇ ਰਿਕਾਰਡ ਸਬੰਧਤ ਵੇਰਵੇ ਦਰਜ ਕਰ ਦੇਣ ।

iii. ਜਿਹੜੇ ਵਿਦਿਆਰਥੀ ਦਾਖਲ ਹੋਣ ਸਮੇਂ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ ਕਿਸੇ ਵਜ੍ਹਾਂ ਨਾਲ ਨਾ ਦੇ ਸਕਣ, ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੋਵੀਜ਼ਨਲ ਦਾਖਲਾ ਦੇ ਦਿੱਤਾ ਜਾਵੇ ਪਰੰਤੂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਦੋਵੇਂ ਸਰਟੀਫਿਕੇਟ ਸਬੰਧਤ ਵਿਦਿਆਰਥੀ ਦੁਆਰਾ ਸਕੂਲ ਮੁੱਖੀ ਨੂੰ ਪੇਸ਼ ਕਰਨੇ ਜਰੂਰੀ ਹਨ।

5(i) ਯੋਗਤਾ ਸਬੰਧੀ ਜਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ ।ਵਿਦਿਆਰਥੀਆਂ ਦੀ ਯੋਗਤਾ ਯਕੀਨੀ ਬਣਾਏ ਜਾਣ ਲਈ ਆਪਣੀ ਸੰਸਥਾ/ਸਕੂਲ ਵਿੱਚ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ,ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ,ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ। ਦਸਵੀਂ ਸ੍ਰੇਣੀ ਦੀ ਰਿਟਰਨ ਵਿੱਚ ਸਬੰਧਤ ਕਮੇਟੀ ਦੇ ਹਸਤਾਖਰ ਕਰਵਾ ਕੇ ਸਕੂਲ ਦੇ ਰਿਕਾਰਡ ਵਿੱਚ ਰੱਖ ਲਈ ਜਾਵੇ। **MHRD** ਵੱਲੋਂ ਪ੍ਰਵਾਨਿਤ ਬੋਰਡਜ਼ (ਬੋਰਡ ਦੀ ਵੈੱਬਸਾਈਟ **www.pseb.ac.in** ਤੇ ਉਪਲੱਬਧ ਸੂਚੀ) ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ।

(ii) ਜਦੋਂ ਵੀ ਸਕੂਲ ਵੱਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵੱਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

**ਨੋਟ:- ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਬੋਰਡ ਦਫਤਰ ਦੇ ਫੋਨ ਨੰਬਰ 0172-5227180-181 ਤੇ ਦਫਤਰੀ ਕੰਮ-ਕਾਜ ਵਾਲੇ ਦਿਨਾਂ (ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ) ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।**

*ਹੋਰ ਬੋਰਡ ਤੋਂ ਭਾਵ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਈਡ www.pseb.ac.in ਤੇ ਉਪਲਬੰਧ MHRD ਵੱਲੋਂ ਜਾਰੀ ਪ੍ਰਵਾਨਿਤ ਬੋਰਡਜ਼ ਦੀ ਸੂਚੀ ਵਿੱਚ ਦਰਜ ਬੋਰਡ।

ਉਪ ਸਕੱਤਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।

## ਸਾਲ/ਸੈਸ਼ਨ 2025-26 ਲਈ ਗਿਆਰ੍ਹਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ

ਵਿਸ਼ੇਸ ਨੋਟ:- ਦਾਖਲੇ ਸਬੰਧੀ ਦਸਵੀਂ ਦੇ ਨਤੀਜੇ ਆਉਣ ਦੀ ਉਡੀਕ ਨਾ ਕੀਤੀ ਜਾਵੇ ਅਤੇ ਦਾਖਲਾ ਸ਼ਡਿਊਲ ਅਨੁਸਾਰ ਆਰਜ਼ੀ ਤੌਰ ਤੇ ਦਾਖਲੇ ਕੀਤੇ ਜਾਣ।

1. ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਪ੍ਰੀਖਿਆ ਪਾਸ ਕੀਤੀ ਹੋਵੇ ਜਾਂ ਕਿਸੇ ਦੂਸਰੇ ਬੋਰਡਾਂ* ਤੋਂ (ਪੰਜਾਬ ਸਕੂਲ ਸਿੱਖਿਆ ਬੋਰਡ ਦੀ www.pseb.ac.in ਤੇ ਉਪਲੱਬਧ MHRD ਵੱਲੋਂ ਜਾਰੀ ਪ੍ਰਵਾਨਿਤ ਬੋਰਡਜ਼ ਬੋਰਡਾਂ ਦੀ ਸੂਚੀ ਅਧੀਨ) ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇ, ਉਹ ਵਿਦਿਆਰਥੀ ਗਿਆਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

**ਜਾਂ**

ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ*/ ਸਮੂਹ ਨੈਸ਼ਨਲ ਓਪਨ ਸਕੂਲ, ਜਿਸ ਦੀ ਦਸਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਸ਼੍ਰੇਣੀ ਦੇ ਬਰਾਬਰ ਮੰਨੀ ਜਾਂਦੀ ਹੋਵੇ, ਦੇ ਕੰਪਾਰਟਮੈਂਟ/ਰੀ-ਅਪੀਅਰ ਦੇ ਵਿਦਿਆਰਥੀ, ਗਿਆਰ੍ਹਵੀਂ ਸ਼੍ਰੇਣੀ ਵਿੱਚ ਆਰਜ਼ੀ ਦਾਖਲੇ ਦੇ ਯੋਗ ਹੋਣਗੇ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਰਤਮਾਨ ਵਿਨਿਯਮਾਂ ਅਨੁਸਾਰ ਦਸਵੀਂ ਸ਼੍ਰੇਣੀ ਦੀ ਰੀ-ਅਪੀਅਰ ਪ੍ਰੀਖਿਆ ਦੋ ਮੌਕਿਆਂ ਵਿੱਚ ਪਾਸ ਕਰ ਲੈਣ ਦੀ ਸੂਰਤ ਵਿੱਚ ਹੀ ਵਿਦਿਆਰਥੀ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

**ਜਾਂ**

ਕੋਈ ਵਿਦਿਆਰਥੀ, ਜਿਸ ਦਾ ਮੈਟ੍ਰਿਕੁਲੇਸ਼ਨ ਨਤੀਜਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲੇਟ ਐਲਾਨ ਕੀਤਾ ਗਿਆ ਹੋਵੇ, ਉਹ ਆਪਣੇ ਨਤੀਜੇ ਦਾ ਐਲਾਨ ਕੀਤੇ ਜਾਣ ਪਿੱਛੋਂ 15 ਦਿਨਾਂ ਦੇ ਅੰਦਰ, ਲੇਟ ਫੀਸ ਤੋਂ ਬਿਨਾਂ ਦਾਖਲਾ ਲੈ ਸਕੇਗਾ ਅਤੇ ਉਸ ਵਿਦਿਆਰਥੀ ਦੀਆਂ ਹਾਜ਼ਰੀਆਂ ਉਸ ਦੇ ਸੰਸਥਾ ਵਿੱਚ ਦਾਖਲ ਹੋਣ ਦੀ ਤਰੀਕ ਤੋਂ ਗਿਣੀਆਂ ਜਾਣਗੀਆਂ।

2 ਬੋਰਡ ਵੱਲੋਂ ਪ੍ਰਵਾਨਿਤ ਸੀਟਾਂ/ਪ੍ਰਵਾਨਿਤ ਗਰੁੱਪ ਅਨੁਸਾਰ ਹੀ ਵਿਦਿਆਰਥੀ ਨੂੰ ਦਾਖਲਾ ਦਿੱਤਾ ਜਾਵੇ।

3. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਤੋਂ ਬਾਅਦ ਸਕੂਲ ਮੁੱਖੀਆਂ ਵੱਲੋਂ ਆਪਣੇ ਪੱਧਰ ਤੇ ਕਿਸੇ ਵੀ ਵਿਦਿਆਰਥੀ ਨੂੰ ਦਾਖਲਾ ਨਾ ਦਿੱਤਾ ਜਾਵੇ।

4. **ਹੋਰ ਰਾਜ/ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਹੇਠਾਂ ਦਰਸਾਏ ਦਸਤਾਵੇਜ਼ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ:-**

i. ਜਿਹੜੇ ਵਿਦਿਆਰਥੀ ਨੇ ਜਿਸ ਕਲਾਸ ਵਿੱਚ ਦਾਖਲਾ ਲੈਣਾ ਹੈ, ਉਸ ਕੋਲ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ ਦੋਵੇਂ ਹੀ ਦਸਤਾਵੇਜ਼ ਲੈ ਕੇ ਮੁੱਖ ਦਫਤਰ ਪਹੁੰਚਾਏ ਜਾਣ। ਜਿੰਨ੍ਹਾਂ ਸਕੂਲਾਂ ਵੱਲੋਂ ਪਹਿਲਾਂ ਹੀ ਦੋਵੇਂ ਦਸਤਾਵੇਜ਼ ਭੇਜੇ ਗਏ ਹਨ, ਉਹਨਾਂ ਨੂੰ ਦੁਬਾਰਾ ਭੇਜਣ ਦੀ ਜਰੂਰਤ ਨਹੀਂ ਹੈ।

ii. ਸਕੂਲ ਮੁੱਖੀ ਦੁਆਰਾ ਟਰਾਂਸਫਰ ਸਰਟੀਫਿਕੇਟ/ਨਤੀਜਾ ਕਾਰਡ ਕਿਸੇ ਹੋਰ ਅਥਾਰਟੀ ਤੋਂ ਵੈਰੀਫਾਈ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਸ ਸਬੰਧ ਵਿੱਚ ਸਕੂਲ ਮੁੱਖੀ ਸੀ.ਬੀ.ਐਸ.ਈ ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈੱਬਸਾਈਟ ਤੋਂ ਸਕੂਲ ਬਾਰੇ ਵੈਰੀਫਾਈ ਕਰ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀਂ। ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈਬਸਾਈਟ ਤੋਂ ਵੈਰੀਫਾਈ ਕਰਨ ਉਪਰੰਤ ਇਸ ਸਬੰਧ ਵਿੱਚ ਆਪਣੇ ਰਿਕਾਰਡ ਸਬੰਧਤ ਵੇਰਵੇ ਦਰਜ ਕਰ ਦੇਣ ।

iii. ਜਿਹੜੇ ਵਿਦਿਆਰਥੀ ਦਾਖਲ ਹੋਣ ਸਮੇਂ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ ਕਿਸੇ ਵਜ੍ਹਾਂ ਨਾਲ ਨਾ ਦੇ ਸਕਣ, ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੋਵੀਜ਼ਨਲ ਦਾਖਲਾ ਦੇ ਦਿੱਤਾ ਜਾਵੇ ਪਰੰਤੂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਦੋਵੇਂ ਸਰਟੀਫਿਕੇਟ ਸਬੰਧਤ ਵਿਦਿਆਰਥੀ ਦੁਆਰਾ ਸਕੂਲ ਮੁੱਖੀ ਨੂੰ ਪੇਸ਼ ਕਰਨੇ ਜਰੂਰੀ ਹਨ।

5 (i) ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁਖੀ ਦੀ ਹੈ। ਇਸ ਮਕਸਦ ਲਈ ਆਪਣੀ ਸੰਸਥਾ ਵਿੱਚ ਇੱਕ ਦਾਖਲੇ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ, ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ। ਗਿਆਰ੍ਹਵੀਂ ਸ਼੍ਰੇਣੀ ਦੀ ਰਿਟਰਨ ਵਿੱਚ ਸਬੰਧਤ ਕਮੇਟੀ ਦੇ ਹਸਤਾਖਰ ਕਰਵਾ ਕੇ ਸਕੂਲ ਦੇ ਰਿਕਾਰਡ ਵਿੱਚ ਰੱਖ ਲਈ ਜਾਵੇ। ਬੋਰਡ ਦੀ ਵੈੱਬਸਾਈਟ **www.pseb.ac.in** ਤੇ ਉਪਲੱਬਧ **MHRD** ਵੱਲੋ ਜਾਰੀ ਪ੍ਰਵਾਨਿਤ ਬੋਰਡਜ਼ ਦੀ ਸੂਚੀ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ।

(ii) ਜਦੋਂ ਵੀ ਸਕੂਲ ਵੱਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵੱਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

**ਗਰੁੱਪ ਬਦਲਣ ਸਬੰਧੀ ਨਿਯਮ**

ਅਕਾਦਮਿਕ ਵਿਨਿਯਮਾਂ ਅਨੁਸਾਰ ਸੰਸਥਾ ਦਾ ਮੁਖੀ ਵਿਦਿਆਰਥੀ ਨੂੰ ਸਕੂਲ ਵਿੱਚ ਦਾਖਲ ਕਰਨ ਦੀ ਤਰੀਕ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਵਿਸ਼ੇ/ਗਰੁੱਪ ਵਿੱਚ ਬਦਲੀ ਦੀ ਇਜਾਜ਼ਤ ਦੇ ਸਕੇਗਾ।

ਨੋਟ:- **ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਬੋਰਡ ਦਫਤਰ ਦੇ ਫੋਨ ਨੰਬਰ 0172-5227180-181 ਤੇ ਦਫਤਰੀ ਕੰਮ-ਕਾਜ ਵਾਲੇ ਦਿਨਾਂ (ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ) ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।**

*ਹੋਰ ਬੋਰਡ ਤੋਂ ਭਾਵ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਈਡ www.pseb.ac.in ਤੇ ਉਪਲਬੰਧ MHRD ਵੱਲੋਂ ਜਾਰੀ ਪ੍ਰਵਾਨਿਤ ਬੋਰਡਜ਼ ਦੀ ਸੂਚੀ ਵਿੱਚ ਦਰਜ ਬੋਰਡ

ਉਪ ਸਕੱਤਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।

## ਸਾਲ /ਸ਼ੈਸਨ 2025-26 ਲਈ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ

1 ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਏਡਿਡ/ਐਫੀਲਿਏਟਿਡ/ਐਸੋਸੀਏਟਿਡ ਸਕੂਲ ਤੋਂ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ* ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਜਿਨ੍ਹਾਂ ਵਿਦਿਆਰਥੀਆਂ ਨੇ ਗਿਆਰ੍ਹਵੀਂ ਸ਼੍ਰੇਣੀ ਰੈਗੂਲਰ ਤੌਰ ਤੇ ਪਾਸ ਕੀਤੀ ਹੋਵੇ, ਉਹ ਪ੍ਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

**ਜਾਂ**

ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ* ਤੋਂ ਪਿਛਲੇ ਦੋ ਸਾਲਾਂ ਦੌਰਾਨ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਵਿਦਿਆਰਥੀਆਂ, ਜਿਨ੍ਹਾਂ ਦਾ ਨਤੀਜਾ ਫੇਲ ਘੋਸ਼ਿਤ ਹੋਇਆ ਹੋਵੇ, ਉਹ ਵਿਦਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

**ਜਾਂ**

ਜੇ ਕੋਈ ਰੈਗੂਲਰ ਉਮੀਦਵਾਰ ਬਾਰ੍ਹਵੀਂ ਸ਼੍ਰੇਣੀ ਸਬੰਧੀ ਪ੍ਰੀਖਿਆ ਦੀ ਕੰਪਾਰਟਮੈਂਟ/ਮੁੜ ਪ੍ਰੀਖਿਆ ਅਧੀਨ ਰੱਖਿਆ ਗਿਆ ਹੈ, ਕੰਪਾਰਟਮੈਂਟ/ਮੁੜ ਪ੍ਰੀਖਿਆ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਉਹ ਪ੍ਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਸਲਾਨਾ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਦਾਖਲੇ ਦੀ ਅੰਤਿਮ ਮਿਤੀ ਤੱਕ ਆਪਣਾ ਪੂਰਵਲਾ ਨਤੀਜਾ ਬੋਰਡ ਦੀ ਸਬੰਧਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਇਸ ਸਬੰਧੀ ਸਵੈ-ਘੋਸ਼ਣਾ ਪੱਤਰ ਦੇ ਕੇ ਮੁੜ ਦਾਖਲਾ ਲੈ ਸਕੇਗਾ।

2. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਤੋਂ ਬਾਅਦ ਸਕੂਲ ਮੁੱਖੀਆਂ ਵੱਲੋਂ ਆਪਣੇ ਪੱਧਰ ਤੇ ਕਿਸੇ ਵਿਦਿਆਰਥੀ ਨੂੰ ਦਾਖਲਾ ਨਾ ਦਿੱਤਾ ਜਾਵੇ।

3. ਬੋਰਡ ਵੱਲੋਂ ਪ੍ਰਵਾਨਿਤ ਸੀਟਾਂ/ ਪ੍ਰਵਾਨਿਤ ਗਰੁੱਪ ਅਨੁਸਾਰ ਹੀ ਵਿਦਿਆਰਥੀ ਨੂੰ ਦਾਖਲਾ ਦਿੱਤਾ ਜਾਵੇ।

4. ਪੁਰਾਣੇ ਸਿਸਟਮ ਅਧੀਨ ਪਾਸ ਕੀਤੀ ਹਾਇਰ ਸੈਕੰਡਰੀ (XI) ਹੁਣ ਦੇ ਸਿਸਟਮ ਦੇ ਗਿਆਰ੍ਹਵੀਂ ਸ਼੍ਰੇਣੀ ਦੇ ਬਰਾਬਰ ਹੈ, ਪਰੰਤੂ ਹਾਇਰ ਸੈਕੰਡਰੀ (XI) ਪਾਸ ਵਿਦਿਆਰਥੀਆਂ ਨੂੰ ਮੌਜੂਦਾ ਸਿੱਖਿਆ ਪ੍ਰਣਾਲੀ ਅਧੀਨ ਬਾਰ੍ਹਵੀਂ ਸ਼੍ਰੇਣੀ ਪਾਸ ਕਰਨ ਲਈ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੋਵੇਂ ਸ਼੍ਰੇਣੀਆਂ ਪਾਸ ਕਰਨੀਆਂ ਲਾਜਮੀ ਹੋਣਗੀਆਂ ਕਿਉਂਕਿ ਗਿਆਰ੍ਹਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਇੱਕ integrated ਕੋਰਸ ਹੈ, ਹਾਈਰ ਸੈਕੰਡਰੀ ਪਾਸ ਕਰਨ ਉਪਰੰਤ ਸਿੱਧਾ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।

5. **ਹੋਰ ਰਾਜ / ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਹੇਠਾਂ ਦਰਸਾਏ ਦਸਤਾਵੇਜ਼ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ :-**

i. ਜਿਹੜੇ ਵਿਦਿਆਰਥੀ ਨੇ ਜਿਸ ਕਲਾਸ ਵਿੱਚ ਦਾਖਲਾ ਲੈਣਾ ਹੈ, ਉਸ ਕੋਲ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ ਦੋਵੇਂ ਹੀ ਦਸਤਾਵੇਜ਼ ਲੈ ਕੇ ਮੁੱਖ ਦਫਤਰ ਪਹੁੰਚਾਏ ਜਾਣ। ਜਿੰਨ੍ਹਾਂ ਸਕੂਲਾਂ ਵੱਲੋਂ ਪਹਿਲਾਂ ਹੀ ਦੋਵੇਂ ਦਸਤਾਵੇਜ਼ ਭੇਜੇ ਗਏ ਹਨ, ਉਹਨਾਂ ਨੂੰ ਦੁਬਾਰਾ ਭੇਜਣ ਦੀ ਜਰੂਰਤ ਨਹੀਂ ਹੈ।

ii. ਸਕੂਲ ਮੁੱਖੀ ਦੁਆਰਾ ਟਰਾਂਸਫਰ ਸਰਟੀਫਿਕੇਟ/ਨਤੀਜਾ ਕਾਰਡ ਕਿਸੇ ਹੋਰ ਅਥਾਰਟੀ ਤੋਂ ਵੈਰੀਫਾਈ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਸ ਸਬੰਧ ਵਿੱਚ ਸਕੂਲ ਮੁੱਖੀ ਸੀ.ਬੀ.ਐਸ.ਈ ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈੱਬਸਾਈਟ ਤੋਂ ਸਕੂਲ ਬਾਰੇ ਵੈਰੀਫਾਈ ਕਰ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀਂ। ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈਬਸਾਈਟ ਤੋਂ ਵੈਰੀਫਾਈ ਕਰਨ ਉਪਰੰਤ ਇਸ ਸਬੰਧ ਵਿੱਚ ਆਪਣੇ ਰਿਕਾਰਡ ਸਬੰਧਤ ਵੇਰਵੇ ਦਰਜ ਕਰ ਦੇਣ ।

iii. ਜਿਹੜੇ ਵਿਦਿਆਰਥੀ ਦਾਖਲ ਹੋਣ ਸਮੇਂ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ ਕਿਸੇ ਵਜ੍ਹਾਂ ਨਾਲ ਨਾ ਦੇ ਸਕਣ, ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੋਵੀਜਨਲ ਦਾਖਲਾ ਦੇ ਦਿੱਤਾ ਜਾਵੇ ਪਰੰਤੂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਦੋਵੇ ਸਰਟੀਫਿਕੇਟ ਸਬੰਧਤ ਵਿਦਿਆਰਥੀ ਦੁਆਰਾ ਸਕੂਲ ਮੁੱਖੀ ਨੂੰ ਪੇਸ਼ ਕਰਨੇ ਜਰੂਰੀ ਹਨ।

iv. ਉਹ ਵਿਦਿਆਰਥੀ ਜਿਨ੍ਹਾਂ ਨੇ ਸਕੂਲ ਪੱਧਰ ਦੀ ਪੜ੍ਹਾਈ ਕਿਸੇ ਬਾਹਰਲੇ ਦੇਸ਼ ਤੋਂ ਕੀਤੀ ਹੋਵੇ ਅਤੇ ਅਗਲੇਰੀ ਪੜ੍ਹਾਈ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕਰਨਾ ਚਾਹੁੰਦੇ ਹੋਣ ਜਾਂ, +2 ਪਰੀਖਿਆ ਪਾਸ ਕਰਨ ਉਪਰੰਤ ਦੂਜੀਆਂ ਸੰਸਥਾਵਾਂ ਦੇ ਵੱਖ ਵੱਖ ਕੋਰਸਾਂ ਵਿੱਚ ਦਾਖਲੇ ਲੈਣਾ ਚਾਹੁੰਦੇ ਹੋਣ। ਇਨ੍ਹਾਂ ਵਿਦਿਆਰਥੀਆਂ ਨੂੰ AIU ਤੋਂ ਪ੍ਰਾਪਤ ਸਮਾਨਤਾ ਪੱਤਰ ਮੁਹੱਈਆ ਕਰਵਾਉਣ ਉਪਰੰਤ ਹੀ ਬੋਰਡ ਵੱਲੋ ਸਮਾਨਤਾ ਪੱਤਰ ਜਾਰੀ ਕੀਤਾ ਜਾਏਗਾ।

v. ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟਰੀਅਲ ਟਰੇਨਿੰਗ ਤੋਂ ਪਾਸ ਤਿੰਨ ਸਾਲਾ ਡਿਪਲੋਮਾ ਅਤੇ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨੋਲੋਜ਼ੀ (SLIET) ਤੋਂ ਪਾਸ 2 ਸਾਲ ਸਰਟੀਫਕੇਟ ਕੋਰਸ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀ +2 ਪ੍ਰੀਖਿਆ ਦੇ ਬਰਾਬਰ ਸਮਾਨਤਾ ਦਿੱਤੀ ਜਾਂਦੀ ਹੈ।

6 i) ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁਖੀ ਦੀ ਹੈ। ਇਸ ਮਕਸਦ ਲਈ ਆਪਣੀ ਸੰਸਥਾ ਵਿੱਚ ਇੱਕ ਦਾਖਲੇ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ, ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ। ਗਿਆਰ੍ਹਵੀਂ ਸ਼੍ਰੇਣੀ ਦੀ ਰਿਟਰਨ ਵਿੱਚ ਸਬੰਧਤ ਕਮੇਟੀ ਦੇ ਹਸਤਾਖਰ ਕਰਵਾ ਕੇ ਸਕੂਲ ਦੇ ਰਿਕਾਰਡ ਵਿੱਚ ਰੱਖ ਲਈ ਜਾਵੇ। ਬੋਰਡ ਦੀ ਵੈੱਬਸਾਈਟ **www.pseb.ac.in** ਤੇ ਉਪਲੱਬਧ **MHRD** ਵੱਲੋ ਜਾਰੀ ਪ੍ਰਵਾਨਿਤ ਬੋਰਡਜ਼ ਦੀ ਸੂਚੀ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ।

ii) ਜਦੋਂ ਵੀ ਸਕੂਲ ਵੱਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵੱਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

**ਗਰੁੱਪ ਬਦਲਣ ਸਬੰਧੀ ਨਿਯਮ**

ੳ) XI ਸ੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਮੀਦਵਾਰ ਉਸ ਹੀ ਗਰੁੱਪ ਦੇ ਅੰਦਰ ਵਿਸ਼ੇ ਬਦਲ ਸਕੇਗਾ।

ਅ) XI ਸ੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਮੀਦਵਾਰ ਵਿਗਿਆਨ (science)/ ਜਰਾਇਤ (Agriculture)/ਤਕਨੀਕੀ (Technical) /ਵਣਜ (Commerece)/ਕਿੱਤਾ ਧਾਰਾ (Vocational Stream) ਵਿੱਚ ਸਭ ਗਰੁੱਪਾਂ ਤੋਂ ਬਦਲ ਕੇ ਮਾਨਵੀ ਵਿਸ਼ਾ (Humanities) ਗਰੁੱਪ ਲੈ ਸਕੇਗਾ।

(ੲ) XI ਸ਼੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਮੀਦਵਾਰ ਕੇਵਲ ਸੁਸੰਗਤ ਗਰੁੱਪਾਂ ਵਿੱਚ ਅਕਾਦਮਿਕ ਧਾਰਾ (Academic Stream) ਤੋਂ ਬਦਲ ਕੇ ਕਿੱਤਾ ਧਾਰਾ (Vocational Stream) ਲੈ ਸਕੇਗਾ ਭਾਵ:-

- ਮਾਨਵੀ ਵਿਸ਼ਿਆਂ (Humanities) ਵਿੱਚ ਗ੍ਰਹਿ-ਵਿਗਿਆਨ (Home Science) ਵਿਸ਼ੇ ਤੋਂ ਕਿੱਤਾ ਧਾਰਾ (Vocational Stream) ਵਿੱਚ ਗ੍ਰਹਿ-ਵਿਗਿਆਨ ਗਰੁੱਪ (Home Science)
- ਜ਼ਰਾਇਤ ਗਰੁੱਪ (Agriculture Group) ਤੋਂ ਕਿੱਤਾ ਧਾਰਾ (Vocational Stream) ਵਿੱਚ ਜ਼ਰਾਇਤ ਗਰੁੱਪ (Agriculture Group)
- ਵਣਜ ਗਰੁੱਪ (Commerce Group) ਤੋਂ ਕਿੱਤਾ ਧਾਰਾ (Vocational Stream) ਵਿੱਚ ਵਣਜ ਗਰੁੱਪ (Commerce Group)
- ਵਿਗਿਆਨ ਗਰੁੱਪ (Science Group) ਤੋਂ ਕਿੱਤਾ ਧਾਰਾ (Vocational Stream) ਵਿੱਚ ਇੰਜੀਨੀਅਰਿੰਗ ਗਰੁੱਪ।

ਨੋਟ:- **ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਬੋਰਡ ਦਫਤਰ ਦੇ ਫੋਨ ਨੰਬਰ 0172-5227180-181 ਤੇ ਦਫਤਰੀ ਕੰਮ-ਕਾਜ ਵਾਲੇ ਦਿਨਾਂ (ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ) ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।**

*ਹੋਰ ਬੋਰਡ ਤੋਂ ਭਾਵ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲਬੰਧ MHRD ਵੱਲੋਂ ਜਾਰੀ ਪ੍ਰਵਾਨਿਤ ਬੋਰਡਜ਼ ਦੀ ਸੂਚੀ ਵਿੱਚ ਦਰਜ ਬੋਰਡ।

ਉਪ ਸਕੱਤਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।